بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.04.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਮਰਕਜ਼ੀ (ਕੇਂਦਰੀ) ਅਤੇ ਜਮਾਤਾਂ ਦੇ ਤਬਲੀਗ਼ੀ (ਪ੍ਰਚਾਰ) ਸੈਕ੍ਰੇਟਰੀਜ਼ ਅਤੇ ਦੂਜੇ ਉਹਦੇਦਾਰ ਹਾਲਾਤਾਂ ਅਨੁਸਾਰ ਪ੍ਰਚਾਰ ਲਈ ਵਿਉਂਤਬੰਦੀ ਕਰਨ**

**ਹਰ ਅਹਮਦੀ ਖ਼ੁੱਦਾਮ, ਅੰਸਾਰ ਤੇ ਲਜਨਾ ਨੂੰ ਵੀ ਪ੍ਰਚਾਰ ਲਈ ਸਮਾਂ ਦੇਣਾ ਚਾਹੀਦਾ ਹੈ**

**ਅਸੀਂ ਪ੍ਰੇਮ, ਪਿਆਰ ਤੇ ਇਸਲਾਮ ਦੀ ਸੁੰਦਰ ਸਿੱਖਿਆ ਰਾਹੀਂ ਦਿਲਾਂ ਨੂੰ ਜਿਤੱਣਾ ਹੈ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਅਪ੍ਰੈਲ 2018 ਈ. ਨੂੰ ਮਸਜਿਦ ਬਸ਼ਾਰਤ ਸਪੇਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਤ ਹਾ ਮੀਮ ਅਸੱਜੱਦਹ ਦੀ ਹੇਠ ਲਿਖੀ ਆਇਤ ਤਲਾਵਤ ਕੀਤੀ :

(وَمَنۡ اَحۡسَنُ قَوۡلًا مِّمَّنۡ دَعَاۤ اِلَی اللّٰہِ وَعَمِلَ صَالِحًا وَّقَالَ اِنَّنِیۡ مِنَ الۡمُسۡلِمِیۡنَ○)

'ਵਮਨ ਅਹਸਾਨੁ ਕੌਲੰਮ ਮਿੱਮੱਨ ਦਾਆ ਲਿਲੱਾਹਿ ਵ ਅਮਿਲਾ ਸਾਲਿਹੰਵ ਵਕਾਲਾ ਇਨੱਾਨੀ ਮਿਨਲ ਮੁਸਲਿਮੀਨ 0'

ਫ਼ਰਮਾਇਆ : ਇਸ ਆਇਤ ਦਾ ਅਰਥ ਇਹ ਹੈ ਕਿ ਗੱਲ ਕਹਿਣ ਵਿੱਚ ਇਸ ਤੋਂ ਚੰਗਾ ਹੋਰ ਕੌਣ ਹੋ ਸਕਦਾ ਹੈ ਜੋ ਰੱਬ ਵੱਲ ਬੁਲਾਏ ਅਤੇ ਨੇਕ ਕਰਮ ਕਰੇ ਅਤੇ ਆਖੇ ਕਿ ਮੈਂ ਨਿਸ਼ਚੇ ਹੀ ਕਾਮਲ ਅਗਿਆਕਾਰਾਂ ਵਿੱਚੋਂ ਹਾਂ ।

ਇਹ ਆਇਤ ਉਹਨਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਸਮੋਏ ਹੋਏ ਹੈ ਜੋ ਇਕ ਮੋਮਿਨ ਦਾ ਖ਼ਾਸਾ ਹੋਣੀਆਂ ਚਾਹੀਦੀਆਂ ਹਨ । ਰੱਬ ਨੇ ਜੋ ਇਹ ਤਿੰਨ ਵਿਸ਼ੇਸ਼ਤਾਵਾਂ ਦੱਸੀਆਂ ਹਨ ਜੇਕਰ ਕਿਸੇ ਵਿੱਚ ਹਨ ਤਾਂ ਉਸ ਦਾ ਜੀਵਨ ਅਤੇ ਸਮਾਜ ਵਿੱਚ ਇਨਕਲਾਬ ਪੈਦਾ ਹੋ ਸਕਦਾ ਹੈ । ਇਹ ਤਿੰਨ ਗਲੱਾਂ ਇਹ ਹਨ, ਰੱਬ ਵੱਲ ਬੁਲਾਉਂਣਾ, ਨੇਕ ਕਰਮ ਕਰਨਾ ਅਤੇ ਅਗਿਆਕਾਰੀ ਤੇ ਤਾਬਿਆਦਾਰੀ ਦਾ ਨਮੂਨਾ ਦਿਖਾਕੇ ਇਹ ਐਲਾਨ ਕਰਨਾ ਕਿ ਮੈਂ ਰੱਬ ਅਤੇ ਉਸ ਦੇ ਰਸੂਲ ਦੀਆਂ ਸਾਰੀਆਂ ਗਲੱਾਂ ਉਪੱਰ ਅਮਲ ਕਰਨ ਵਾਲਾ ਜਾਂ ਯਥਾਸੰਭਵ ਅਮਲ ਕਰਨ ਦਾ ਜਤਨ ਕਰਨ ਵਾਲਾ ਹਾਂ । ਇਹ ਗਲੱਾਂ ਅਜਿਹੀਆਂ ਹਨ ਜਿੰਨ੍ਹਾ ਵਿੱਚ ਇਕ ਮੋਮਿਨ ਨੂੰ ਧਾਰਮਕ ਵਿਦਿਆ ਲੈਂਣ ਅਤੇ ਫਿਰ

ਦੁਨੀਆਂ ਨੂੰ ਸਿਖਾਉਣ ਵਾਲਾ ਬਣਾਉਂਦੀ ਹੈ ਦੂਜਿਆਂ ਨੂੰ ਸਿਖਾਉਣ ਵੱਲ ਫਿਰ ਹੀ ਧਿਆਨ ਹੋ ਸਕਦਾ ਹੈ ਜੱਦ ਉਹਨਾਂ ਨੂੰ ਸ਼ੈਤਤਾਨ ਦੇ ਪੰਜੇ ਤੇ ਕਬਜ਼ੇ ਤੋਂ ਬਚਾਉਣ ਲਈ ਦਰਦੇ ਦਿਲ ਨਾਲ ਇਕ ਤੜਪ ਤੇ ਧਿਆਨ ਹੋਵੇ । ਰੱਬ ਦਾ ਖ਼ੌਫ਼ ਰਖੱਣ ਵਾਲਾ ਅਤੇ ਉਸ ਦੀ ਨੇੜਤਾ ਨੂੰ ਭਾਲਣ ਵਾਲਾ ਹੀ ਇਹ ਜਤਨ ਤੇ ਸੰਘਰਸ਼ ਕਰ ਸਕਦਾ ਹੈ ।

ਫਿਰ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਫ਼ਰਮਇਆ ਕਿ ਨੇਕ ਕਰਮ ਕਰੋ ਅਰਥਾਤ ਰੱਬ ਅਤੇ ਉਸ ਦੇ ਬੰਦਿਆਂ ਦੇ ਹੱਕ ਪੂਰੇ ਕਰਨ ਵਲ ਧਿਆਨ ਦਿਓ ਸਗੋਂ ਆਪਣੇ ਆਪ ਨੂੰ ਇਕ ਉਧਾਰਣ ਬਣਾਕੇ ਦੂਜਿਆਂ ਲਈ ਪੇਸ਼ ਕਰੋ ਨਹੀਂ ਤਾਂ ਤੁਹਾਡਾ ਧਾਰਮਕ ਗਿਆਨ ਵੀ ਵਿਅਰਥ ਹੈ ਅਤੇ ਰੱਬ ਵੱਲ ਬੁਲਾਉਣ ਦਾ ਕਰਮ ਵੀ ਰੱਬ ਦੀਆਂ ਬਰਕਤਾਂ ਤੇ ਚੰਗੇ ਸਿੱਟਿਆਂ ਤੋਂ ਸਖੱਣਾ ਹੋਵੇਗਾ ।

ਤੀਜੀ ਵਿਸ਼ੇਸ਼ਤਾ ਇਹ ਵਰਨਣ ਕੀਤੀ ਕਿ ਸਚੱਾ ਮੋਮਿਨ ਇਹ ਘੋਸ਼ਣਾ ਕਰੇ ਕਿ ਮੈਂ ਕਾਮਲ ਆਗਿਆਕਾਰਾਂ ਵਿੱਚੋਂ ਹਾਂ ਅਰਤਾਤ ਰੱਬ ਅਤੇ ਉਸਦੇ ਰਸੂਲ ਦੇ ਆਦੇਸ਼ਾਂ ਉਪੱਰ ਕਾਮਲ ਇਮਾਨ ਲਿਆਉਂਦਾ ਹਾਂ ਅਤੇ ਨ ਕੇਵਲ ਇਮਾਨ ਲਿਆਉਂਦਾ ਹਾਂ ਸਗੋਂ ਇਹਨਾਂ ਨੂੰ ਆਪਣੇ ਜੀਵਨ ਦਾ ਅੰਗ ਬਣਾਉਂਦਾ ਹਾਂ । ਮੈਂ ਧਰਮ ਨੂੰ ਦੁਨੀਆ ਉਪੱਰ ਪ੍ਰਾਥਮਿਕਤਾ ਦੇਣ ਵਾਲਾ ਹਾਂ ਅਤੇ ਰਹਾਂਗਾ । ਆਗਿਆਕਾਰੀ ਵਿੱਚ ਸਮੇਂ ਦੇ ਖ਼ਲੀਫ਼ਾ ਤੇ ਜਮਾਤ ਦੇ ਨਿਜ਼ਾਮ ਦੀ ਤਾਬਿਆਦਾਰੀ ਤੇ ਆਗਿਆਕਾਰੀ ਵੀ ਆ ਜਾਂਦੀ ਹੈ । ਇਸ ਜੁੱਗ ਵਿੱਚ ਰੱਬ ਇਕ ਜਮਾਤ ਕਾਇਮ ਕਰਨਾ ਚਾਹੁੰਦਾ ਸੀ ਅਤੇ ਉਸ ਨੇ ਕਾਇਮ ਕਰ ਦਿੱਤੀ । ਇਸ ਲਈ ਇਸ ਨਾਲ ਜੁੜਨਾ ਜ਼ਰੂਰੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਸੀਂ ਅਹਮਦੀਆਂ ਲਈ ਇਹ ਮਿਆਰ ਜੋ ਪੂਰਨ ਆਗਿਅਕਾਰੀ ਦੇ ਹਨ ਫਿਰ ਹੀ ਕਾਇਮ ਹੋਣਗੇ, ਸਾਡਾ ਪ੍ਰਚਾਰ ਫਿਰ ਹੀ ਹੋਵੇਗਾ ਅਤੇ ਸਾਡੀਆਂ ਨੇਕੀਆਂ ਫਿਰ ਹੀ ਨੇਕ ਕਰਮ ਅਖਵਾਉਣਗੀਆਂ ਜੱਦ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਬਾਦ ਖ਼ਿਲਾਫ਼ਤ ਦੀ ਵਿਵਸਥਾ (ਨਿਜ਼ਾਮ) ਦੀ ਵੀ ਪੂਰੀ ਪੈਰ੍ਹਵੀ ਕਰਨ ਵਾਲੇ ਹੋਈਏ ਅਤੇ ਖ਼ਿਲਾਫ਼ਤ ਦੀ ਨਿਗਰਾਨੀ ਹੇਠ ਜੋ ਨਿਜ਼ਾਮ (ਵਿਵਸਥਾ) ਹੈ ਉਸ ਨਾਲ ਵੀ ਸਹਿਯੋਗ ਕਰਨ ਵਾਲੇ ਹੋਵਾਂਗੇ । ਸਾਡੀਆਂ ਵਿਅਕਤੀਗੱਤ ਅਤੇ ਸਾਮੂਹਿਕ ਜਤਨਾ ਵਿੱਚ ਬਰਕਤ ਵੀ ਫਿਰ ਹੀ ਪਏਗੀ ਜੱਦ ਜਮਾਤ ਦਾ ਹਰ ਵਿਅਕਤੀ ਅਤੇ ਹਰ ਉਹਦੇਦਾਰ ਵੀ, ਹਰ ਵਰਕਰ ਅਤੇ ਹਰ ਮੁਰੱਬੀ ਵੀ ਨਿਜ਼ਾਮ ਨੂੰ ਸਮਝਣ ਅਤੇ ਇਕ ਦੂਜੇ ਦੇ ਹੱਕ ਪੂਰੇ ਕਰਨ ਵਾਲਾ ਹੋਵੇਗਾ । ਇਸ ਵਿੱਚ ਤਾਂ ਕੋਈ ਸੰਦੇਹ ਨਹੀਂ ਕਿ ਰੱਬ ਨੇ ਆਪਣੇ ਵਚਨ ਅਨੁਸਾਰ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਭਵਿੱਖਬਾਣੀ ਅਨੁਸਾਰ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ ਹੈ ਅਤੇ ਉਹਨਾਂ ਵਚਨਾ ਅਨੁਸਾਰ ਭੇਜਿਆ ਹੈ ਕਿ ਜਿੰਨ੍ਹਾ ਕੰਮਾ ਦੀ ਪੂਰਨਤਾ ਆਪਦੇ ਸੁਪੁਰਦ ਹੈ ਉਹ ਇੰਸ਼ਾਅਲੱਾਹ ਪੂਰੇ ਹੋਣੇ ਹਨ । ਕੁਝ ਤਾਂ ਆਪਦੇ ਜੀਵਨ ਕਾਲ ਵਿੱਚ ਪੂਰੇ ਹੋਏ ਅਤੇ ਕੁਝ ਆਪ ਅਲੈਹਿ ਸਲਾਮ ਦੇ ਜੀਵਨ ਦਾ ਬਾਦ ਪੂਰੇ ਹੋਣੇ ਸਨ ਅਤੇ ਹੋ ਰਹੇ ਹਨ ਅਤੇ ਆਪ ਰਾਹੀਂ ਇਸਲਾਮ ਦਾ ਸੰਦੇਸ਼ ਦੁਨੀਆ ਦੇ ਕੋਨੇ ਕੋਨੇ ਵਿੱਚ ਪਹੁੰਚ ਰਿਹਾ ਹੈ ਅਤੇ ਹੌਲੀ ਹੌਲੀ ਪਾਕ ਦਿਲ ਅਹਮਦੀਅਤ ਅਤੇ ਇਸਲਾਮ ਦੀ ਗੋਦ ਵਿੱਚ ਆ ਰਹੇ ਹਨ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ ਕਿ ( كَتَبَ اللّٰهُ لَاَغْلِبَنَّ اَنَا وَرُسُلِيْ ) 'ਕਾਤਾਬਲੱਾਹੁ ਲ-ਅਗਲਿਬਨੱਾ ਅਨਾ ਵ ਰੁਸੁਲੀ' ਕਿ ਰੱਬ ਨੇ ਨਿਰਣਾ ਕਰ ਛੱਡਿਆ ਹੈ ਕਿ ਮੈਂ ਅਤੇ ਮੇਰੇ ਰਸੂਲ ਗ਼ਾਲਬ ਆਉਣਗੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਕਿਉਂਕਿ ਮੈਂ ਉਸ ਦਾ ਰਸੂਲ ਹਾਂ ਇਸ ਲਈ ਮੈਂ ਕਹਿੰਦਾ ਹਾਂ ਕਿ ਜਿਵੇਂ ਆਦਮ ਤੋਂ ਲੈਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੱਕ ਹਮੇਸ਼ਾ ਇਸ ਆਇਤ ਦਾ ਅਰਥ ਸਚੱਾ ਕਿਲਦਾ ਆਇਆ ਹੈ ਉਸੇ ਪ੍ਰਕਾਰ ਹੁਣ ਵੀ ਮੇਰੇ ਹੱਕ ਵਿੱਚ ਸਚੱਾ ਨਿਕਲੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਲਾਇਆ ਹੋਇਆ ਬੀ ਹਰੀ ਭਰੀ ਫ਼ਸਲ ਬਣਕੇ ਦੁਨੀਆ ਵਿੱਚ ਫੈਲਿਆ ਅਤੇ ਫੈਲ ਰਿਹਾ ਹੈ ਅਤੇ ਇਸ ਬਾਰੇ ਆਪ ਨੂੰ ਕਈ ਵਾਰ ਇਲਹਾਮ ਵੀ ਹੋਏ ਹਨ ਕਿ ਰੱਬ ਆਪ ਦੀ ਮਦਦ ਕਰੇਗਾ ਜਿਵੇਂ ਕਿ ਫ਼ਰਮਾਇਆ ( ينصركم الله فى دينه) 'ਯਨਸੁਰੁ ਕੁਮੁਲੱਾਹੁ ਫ਼ੀ ਦੀਨਿਹੀ' ਰੱਬ ਆਪਣੇ ਧਰਮ ਵਿੱਚ ਤੁਹਾਡੀ ਮਦਦ ਕਰੇਗਾ । ਫਿਰ ਇਹ ਇਲਹਾਮ ਹੈ ਕਿ ( نصرك الله من عنده) ਨਸਰਾਕਲੱਾਹੁ ਮਿਨ ਇੰਦਹ, ਰੱਬ ਆਪਣੇ ਵੱਲੋਂ ਤੇਰੀ ਮਦਦ ਕਰੇਗਾ । ਫਿਰ ਇਲਹਾਮ ਹੈ ਕਿ 'ਮੈਂ ਤੈਨੂੰ ਧਰਤੀ ਦੇ ਕੰਢਿਆਂ ਤੱਕ ਸਨਮਾਨ ਨਾਲ ਪ੍ਰਸਿੱਧੀ ਦਿਆਂਗਾ' ਫਿਰ ਫ਼ਰਮਇਆ, 'ਮੈਂ ਤੇਰੀ ਤਬਲੀਗ਼ (ਪ੍ਰਚਾਰ) ਨੂੰ ਦੁਨੀਆ ਦੇ ਕੰਢਿਆਂ ਤੱਕ ਪਹੁੰਚਾਵਾਂਗਾ ।' ਸੋ, ਇਸ ਵਿੱਚ ਕੋਈ ਸੰਦੇਹ ਨਹੀਂ ਕਿ ਆਪ ਦਾ ਸੰਦੇਸ਼ ਦੁਨੀਆ ਵਿੱਚ ਪਹੁੰਚਣਾ ਹੈ ਅਤੇ ਦੁਨੀਆ ਆਪ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਆਸ਼ਕ ਤੇ ਇਕ ਤਕੜੇ ਪਹਿਲਵਾਨ ਦੇ ਰੂਪ ਵਿੱਚ ਜਾਣੇਗੀ ਅਤੇ ਜਾਣ ਰਹੀ ਹੈ । ਅਤੇ ਅਸੀਂ ਦੇਖਦੇ ਹਾਂ ਕਿ ਐਮ.ਟੀ.ਏ. ਰਾਹੀਂ ਰੱਬ ਆਪ ਸੰਦੇਸ਼ ਪਹੁੰਚਾ ਰਿਹਾ ਹੈ । ਇਹ ਸਭ ਰੱਬ ਦੇ ਹਜ਼ਰਤ ਮਸੀਹ ਮੌਊਦ ਨਾਲ ਕੀਤੇ ਗਏ ਬਚਨਾ ਦਾ ਸਿਟੱਾ ਹੈ । ਫਿਰ ਮੇਰੇ ਖ਼ੁਤਬੇ ਅਤੇ ਐਮ.ਟੀ.ਏ. ਦੇ ਹੋਰ ਪ੍ਰੋਗਰਾਮਾ ਰਾਹੀਂ ਨੇਕ ਸੁਭਾਵੀ ਲੋਕ ਅਹਮਦੀਅਤ ਵਿੱਚ ਸ਼ਾਮਲ ਹੋ ਰਹੇ ਹਨ । ਮੈਂਨੂੰ ਕਈ ਲੋਕ ਲਿਖੱਦੇ ਹਨ ਕਿ ਕਿਵੇਂ ਐਮ.ਟੀ.ਏ. ਉਪੱਰ ਆਪਦੇ ਖ਼ੁਤਬੇ ਨੇ ਪ੍ਰਭਾਵ ਕੀਤਾ ਅਤੇ ਰੱਬ ਨੇ ਸਾਨੂੰ ਅਹਮਦੀਅਤ ਕੁਬੂਲ ਕਰਨ ਦਾ ਸੰਜੋਗ ਪ੍ਰਦਾਨ ਕੀਤਾ । ਸੋ, ਇਹ ਤਾਂ ਰੱਬ ਦੇ ਕੰਮ ਹਨ ਅਤੇ ਉਸ ਦੇ ਬਚਨ ਹਨ । ਇਹ ਤਾਂ ਪੂਰੇ ਹੁੰਦੇ ਰਹਿਣਗੇ, ਇੰਸ਼ਾਅਲੱਾਹ । ਸੋ, ਇਸ ਗੱਲ ਨੂੰ ਹਰ ਅਹਮਦੀ ਨੂੰ ਮਹਤੱਾ ਦੇਣੀ ਚਾਹੀਦੀ ਹੈ ਕਿ ਜੋ ਕੰਮ ਰੱਬ ਨੇ ਆਪਣੇ ਜ਼ਿੰਮੇ ਲਿਆ ਹੋਇਆ ਹੈ, ਉਸ ਵਿੱਚ ਭਾਗੀਦਾਰ ਬਣਕੇ ਅਸੀਂ ਪੁੰਨ੍ਹ ਵਿੱਚ ਭਾਗ ਲੇਈਏ, ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਬਣੀਏ । ਹਜ਼ੂਰ ਅਨਵਰ ਨੇ ਸਪੇਨ ਦੇ ਅਹਮਦੀਆਂ ਨੂੰ ਵਿਸ਼ੇਸ਼ ਰੂਪ ਵਿੱਚ ਧਿਆਨ ਦੁਆਉਂਦਿਆਂ ਹੋਇਆਂ ਫ਼ਰਮਾਇਆ ਕਿ : ਆਪ ਲੋਕ ਜੋ ਇੱਥੇ ਸਪੇਨ ਵਿੱਚ ਹਨ ਸਮਾਂ ਕਢੱਕੇ ਮਹੀਨੇ ਵਿੱਚ ਘੱਟੋ ਘੱਟ ਇਕ ਦੋ ਦਿਨ ਤਬਲੀਗ਼ (ਪ੍ਰਚਾਰ) ਲਈ ਦੇਣ । ਇੱਥੋਂ ਦੇ ਲੋਕਾਂ ਦੀ ਰੁਚੀ ਅਨੁਸਾਰ ਪ੍ਰਚਾਰ ਦੇ ਤਰੀਕੇ ਭਾਲਣ । ਮਰਕਜ਼ੀ ਅਤੇ ਜਮਾਤਾਂ ਦੇ ਪ੍ਰਚਾਰ ਸੈਕ੍ਰੇਟਰੀਜ਼ ਅਤੇ ਦੂਜੇ ਉਹਦੇਦਾਰ ਵੀ ਹਾਲਾਤਾਂ ਅਨੁਸਾਰ ਵਿਉਂਤਬੰਦੀ ਕਰਨ । ਇਸੇ ਪ੍ਰਕਾਰ ਹਰ ਅਹਮਦੀ, ਖ਼ੁਦੱਾਮ, ਅੰਸਾਰ ਤੇ ਲਜਨਾ ਨੂੰ ਵੀ ਪ੍ਰਚਾਰ ਲਈ ਸਮਾਂ ਦੇਣਾ ਚਾਹੀਦਾ ਹੈ । ਇੱਥੇ ਮੁਸਲਮਾਨਾਂ ਨੂੰ ਤਲਵਾਰ ਦੇ ਜ਼ੋਰ ਨਾਲ ਇਸਾਈ ਬਣਾਇਆ ਗਿਆ ਸੱਤ ਅੱਠ ਸੌ ਸਾਲ ਪਹਿਲਾਂ ਪਰ ਅਸੀਂ ਪਿਆਰ ਤੇ ਇਸਲਾਮ ਦੀ ਸੁੰਦਰ ਸਿੱਖਿਆ ਰਾਹੀਂ ਦਿਲ ਜਿਤੱਣੇ ਹਨ । ਹੁਣ ਸਪੇਨ ਦੀ ਉਹ ਅਵਸਥਾ ਨਹੀਂ ਹੈ ਜੋ ਅੱਜ ਤੋਂ ਪੈਂਤੀ ਚਾਲ੍ਹੀ ਸਾਲ ਪਹਿਲਾਂ ਸੀ । ਅੱਜ ਜੇਕਰ ਸੰਦੇਸ਼ ਪਹੁੰਚਾਉਣ ਵਿੱਚ ਕਮੀ ਹੈ ਤਾਂ ਸਾਡੇ ਵੱਲੋਂ ਹੈ । ਫਿਰ ਇੱਥੇ ਵੱਖ ਵੱਖ ਸ਼ਹਿਰਾਂ ਵਿੱਚ ਮਰਾਕੋ ਅਤੇ ਦੂਜੇ ਅਰਬ ਦੇਸ਼ਾਂ ਦੇ ਲੋਕ ਆਣਕੇ ਵੱਸ ਗਏ ਹਨ । ਇਹਨਾਂ ਖੇਤਰਾਂ ਵਿੱਚ ਅਰਬੀ ਬੋਲਣ ਵਾਲਿਆਂ ਰਾਹੀਂ ਪ੍ਰਚਾਰ ਕੀਤਾ ਜਾਵੇ, ਅਰਬੀ ਲਿਟ੍ਰੇਚਰ ਵੰਡਿਆ ਜਾਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇੱਥੇ ਰਹਿਣ ਵਾਲੇ ਅਹਮਦੀ ਉਹਦੇਦਾਰਾਂ ਅਤੇ ਮੁਰੱਬੀਆਂ ਨੂੰ ਇਸ ਸੰਬੰਧੀ ਇਕ ਮਜ਼ਬੂਤ ਪ੍ਰੋਗਰਾਮ ਬਨਾਉਣਾ ਚਾਹੀਦਾ ਹੈ । ਆਪਸੀ ਸਹਿਯੋਗ ਦੀ ਲੋੜ ਹੈ । ਵਿਅਕਤੀਗੱਤ ਹਿਤਾਂ

ਤੋਂ ਉਪੱਰ ਉਠੱਕੇ ਜਮਾਤੀ ਹਿਤਾਂ ਨੂੰ ਪਹਿਲ ਦੇਣ ਦੀ ਲੋੜ ਹੈ, ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਅਸੀਂ ਅਹਮਦੀ ਹੋਕੇ ਆਪਣੀਆਂ ਜ਼ਿੰਮੇਦਾਰੀਆਂ ਪੂਰੀਆਂ ਕਰਨੀਆਂ ਹਨ । ਕੇਵਲ ਸਾਲ ਬਾਦ ਨਵੇਂ ਮੁਰੱਬੀਆਂ ਦੇ ਇੱਥੇ ਆਣਕੇ ਮਹੀਨਿ ਭਰ ਲਈ ਲਿਟ੍ਰੇਚਰ ਵੰਡਣ ਨਾਲ ਮੰਤਵ ਪੂਰਾ ਨਹੀਂ ਹੋਵੇਗਾ ।

ਇਹ ਅਹਿਸਾਸ ਪੈਦਾ ਕਰਨ ਦੀ ਲੋੜ ਹੈ ਕਿ ਰੱਬ ਨੇ ਰੱਬ ਵੱਲ ਬੁਲਾਉਣ ਦਾ ਕੰਮ ਜੋ ਇਕ ਹਕੀਕੀ ਮੋਮਿਨ ਦੇ ਸੁਪੁਰਦ ਕੀਤਾ ਗਿਆ ਹੈ ਉਸ ਨੂੰ ਅਸੀਂ ਪੂਰਾ ਕਰਨਾ ਹੈ । ਸਭ ਤੋਂ ਵਧੱਕੇ ਮੁਰੱਬੀਆਂ ਦਾ ਕਰਤਵ ਹੈ ਕਿ ਪ੍ਰਚਾਰ ਦੇ ਭਿੰਨ ਭਿੰਨ ਮਾਰਗ ਭਾਲਣ, ਲੋਕਾਂ ਨੂੰ ਦਸੱਣ ਅਤੇ ਜਮਾਤ ਦੇ ਲੋਕਾਂ ਨੂੰ ਨਾਲ ਲੈਕੇ ਚਲੱਣ । ਅਮੀਰ ਜਮਾਤ ਦੀ ਵੀ ਜ਼ਿੰਮੇਦਾਰੀ ਹੈ ਕਿ ਜੇਕਰ ਬਜਟ ਦਾ ਮਸਲਾ ਹੈ ਤਾਂ ਹਲ ਕਰਨ, ਮੈਨੂੰ ਲਿਖੱਣ । ਸੈਕ੍ਰੇਟਰੀ ਤਬਲੀਗ਼ ਅਤੇ ਮੁਰੱਬੀਆਨ ਅਤੇ ਜਮਾਤ ਦੇ ਲੋਕ ਭਰਪੂਰ ਸਹਿਯੋਗ ਦੇਣ । ਇਹੋ ਤਰੀਕਾ ਹੈ ਜਿਸ ਰਾਹੀਂ ਅਸੀਂ ਇਸਲਾਮ ਦੀ ਗੁਆਚੀ ਹੋਈ ਸ਼ਾਨ ਤੇ ਮਹਤੱਾ ਨੂੰ ਮੁੜ੍ਹ ਸੁਰਜੀਤ ਕਰ ਸਕਦੇ ਹਾਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਇਹ ਸਮਾਂ ਕਿੰਨ੍ਹਾ ਮੁਬਾਰਕ ਸਮਾਂ ਹੈ ਕਿ ਰੱਬ ਨੇ ਇਹਨਾਂ ਦੁਖੱਾਂ ਭਰੇ ਦਿਨਾਂ ਵਿੱਚ ਕੇਵਲ ਆਪਣੀ ਮਿਹਰ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਅਜ਼ਮਤ ਦੇ ਪ੍ਰਗਟਾਵੇ ਲਈ ਇਹ ਮੁਬਾਰਕ ਨਿਸ਼ਚਾ ਕੀਤਾ ਹੈ । ਮੈਂ ਉਹਨਾਂ ਲੋਕਾਂ ਨੂੰ ਪੁਛੱਣਾ ਚਾਹੁੰਦਾ ਹਾਂ ਜੋ ਆਪਣੇ ਦਿਲ ਵਿੱਚ ਇਸਲਾਮ ਲਈ ਪੀੜ੍ਹਾ ਰਖੱਦੇ ਹਨ ਅਤੇ ਉਸ ਦਾ ਸਨਮਾਨ ਤੇ ਵੱਡਿਆਈ ਉਹਨਾਂ ਦੇ ਦਿਲਾਂ ਵਿੱਚ ਹੈ, ਉਹ ਦਸੱਣ ਕਿ ਕੀ ਕੋਈ ਜ਼ਮਾਨਾਂ ਇਸ ਜ਼ਮਾਨੇ ਤੋਂ ਵਧੱਕੇ ਇਸਲਾਮ ਉਪੱਰ ਲੰਘਿਆ ਹੈ ਜਿਸ ਵਿਚੱ ਐਨ੍ਹੇ ਅਨਾਦਰ ਤੇ ਤੌਹੀਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਕੀਤੀ ਗਈ ਹੋਵੇ ਅਤੇ ਕੁਰਆਨ ਸ਼ਰੀਫ਼ ਦੀ ਐਨ੍ਹੀ ਹਤੱਕ ਹੋਈ ਹੋਵੇ । ਕੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਕੁਝ ਵੀ ਸਨਮਾਨ ਰੱਬ ਨੂੰ ਨਹੀਂ ਸੀ ਜੋ ਐਨ੍ਹੇ ਦੁਖੱਾਂ ਤੇ ਬੇਪੱਤੀਆਂ ਉਪੱਰ ਵੀ ਉਹ ਕੋਈ ਆਕਾਸ਼ੀ ਸਿਲਸਿਲਾ (ਜਮਾਤ) ਕਾਇਮ ਨ ਕਰਦਾ । ਜਿੰਨ੍ਹਾ ਦੀਆਂ ਅਖੱਾਂ ਉਪੱਰ ਪੱਟੀ ਬੰਨ੍ਹੀ ਪਈ ਹੈ ਉਹ ਇਸ ਨੂੰ ਨਹੀਂ ਦੇਖ ਸਕਦੇ ਜੱਦ ਕਿ ਇਹ ਸਿਲਸਿਲਾ (ਜਮਾਤ) ਸੂਰਜ ਵਾਂਗ ਪ੍ਰਕਾਸ਼ਮਈ ਹੋ ਗਿਆ ਹੈ ਅਤੇ ਇਸ ਦੇ ਜਮਤਕਾਰਾਂ ਤੇ ਨਿਸ਼ਾਨਾਂ ਦੇ ਐਨ੍ਹੇ ਲੋਕ ਗਵਾਹ ਹਨ ਕਿ ਜਕੇਰ ਉਹਨਾਂ ਨੂੰ ਇਕ ਥਾਂ ਇਕਤੱਰ ਕੀਤਾ ਜਾਵੇ ਤਾਂ ਉਹਨਾਂ ਦੀ ਗਿਣਤੀ ਐਨ੍ਹੀ ਬਹੁਤੀ ਹੋਵੇ ਕਿ ਸਾਰੀ ਧਰਤੀ ਉਪੱਰ ਕਿਸੇ ਬਾਦਸ਼ਾਹ ਦੀ ਐਨ੍ਹੀ ਫ਼ੌਜ ਨਹੀਂ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਹਜ਼ਰਤ ਅਲੀ ਨੂੰ ਸੰਬੋਧਨ ਕਰਦਿਆਂ ਹੋਇਆਂ ਫ਼ਰਮਾਇਆ ਕਿ ਬ-ਖ਼ੁਦਾ ਤੇਰੇ ਰਾਹੀਂ ਇਕ ਵਿਅਕਤੀ ਨੂੰ ਸੁਮਾਰਗ ਪ੍ਰਾਪਤ ਹੋ ਜਾਣਾ ਤੇਰੇ ਲਈ ਉਤੱਮ ਦਰਜੇ ਦੀਆਂ ਸੁਰਖ ਊਠਾਂ ਦੇ ਮਿਲ ਜਾਣ ਤੋਂ ਬਿਹਤਰ ਹੈ । ਇਹ ਸੰਸਾਰਕ ਧੰਨ ਮਾਲ ਇਸ ਦੇ ਟਾਕਰੇ'ਤੇ ਕੋਈ ਮੁੱਲ ਨਹੀਂ ਰਖੱਦਾ ਕਿ ਤੁਸੀਂ ਪ੍ਰਚਾਰ ਕਰੋ ਅਤੇ ਕਿਸੇ ਲਈ ਸੁਮਾਰਗ ਦਾ ਸਾਧਨ ਬਣੋ । ਰੱਬ ਦੇ ਪੁਰੁਸਕਾਰਾਂ ਦਾ ਪਾਤਰ ਬਣਨ ਲਈ ਸਾਨੂੰ ਲੋੜ ਹੈ ਕਿ ਅਸੀਂ ਪ੍ਰਚਾਰ ਕਰੀਏ ਅਤੇ ਦੁਨੀਆ ਦੇ ਸੁਧਾਰ ਲਈ ਅਸੀਂ ਸਮਾਂ ਦੇਈਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਨੂੰ ਇਸਲਾਮ ਦੀ ਸੇਵਾ ਵੱਲ ਧਿਆਨ ਦੁਆਉਂਦਿਆਂ ਹੋਇਆਂ ਫ਼ਰਮਾਉਂਦੇ ਹਨ :

ਹੁਣ ਸਮਾਂ ਤੰਗ ਹੈ ਮੈਂ ਵਾਰ ਵਾਰ ਕਹਿੰਦਾ ਹਾਂ ਕਿ ਕੋਈ ਜਵਾਨ ਇਹ ਭਰੋਸਾ ਨ ਕਰੇ ਕਿ ਅਠਾਰ੍ਹਾਂ ਜਾਂ ਉਂਨ੍ਹੀ ਵਰ੍ਹਿਆਂ ਦੀ ਉਮਰ ਹੈ ਅਤੇ ਅਜੇ ਬਹੁਤ ਸਮਾਂ ਬਾਕੀ ਹੈ, ਸਵਸਥ ਆਪਣੇ ਸਵਾਸਥ ਤੇ ਸਿਹਤ ਉਪੱਰ ਨਾਜ਼ ਨਖ਼ਰਾ ਨ ਕਰੇ । ਕੋਈ ਜੋ ਚੰਗੀ ਅਵਸਥਾ ਰਖੱਦਾ ਹੈ ਉਹ ਆਪਣੀ ਚੰਗੀ ਅਵਸਥਾ ਉਪਰ ਭਰੋਸਾ ਨ ਕਰੇ ।

ਜ਼ਮਾਨਾ ਇਨਕਲਾਬ ਵਿੱਚ ਹੈ, ਇਹ ਅਖ਼ੀਰੀ ਜ਼ਮਾਨਾ ਹੈ । ਫ਼ਰਮਾਇਆ ਰੱਬ ਸੱਚੇ ਤੇ ਝੂਠੇ ਨੂੰ ਅਜ਼ਮਾਉਂਣਾ ਚਾਹੁੰਦਾ ਹੈ । ਇਸ ਸਮੇਂ ਸਚੱਾਈ, ਸਿਦਕ ਤੇ ਵਫ਼ਦਾਰੀ ਦਿਖਾਉਣ ਦਾ ਸਮਾਂ ਹੈ ਅਤੇ ਅੰਤਮ ਮੌਕਾ ਦਿੱਤਾ ਗਿਆ ਹੈ। ਹੁਣ ਇਸ ਦੇ ਬਾਦ ਕੋਈ ਮੌਕਾ ਨਹੀਂ ਹੋਵੇਗਾ, ਬਹੁਤ ਹੀ ਬਦਕਿਸਮਤ ਹੈ ਜੋ ਇਸ ਮੌਕੇ ਨੂੰ ਗੁਆ ਦੇਵੇ ।

ਫ਼ਰਮਾਉਂਦੇ ਹਨ ਕਿ ਨਿਰਾ ਮੂੰਹ ਨਾਲ ਬੈਅਤ ਦਾ ਇਕਰਾਰ ਕਰਨਾ ਕੁਝ ਵੀ ਅਰਥ ਨਹੀਂ ਰਖੱਦਾ ਸਗੋਂ ਜਤਨ ਕਰੋ ਅਤੇ ਰੱਬ ਤੋਂ ਦੁਆਵਾਂ ਮੰਗੋ ਕਿ ਉਹ ਤੁਹਾਨੂੰ ਸਾਦਕ (ਸਚੱਾ) ਬਣਾ ਦੇਵੇ । ਇਸ ਸਿੱਖਿਆ ਵਿੱਚ ਜੋ ਮੈਂ ਤੁਹਾਡੇ ਸਾਹਮਣੇ ਪੇਸ਼ ਕਰ ਚੁਕਿਆਂ ਹਾਂ ਅਮਲ ਕਰਨ ਦਾ ਜਤਨ ਕਰੋ । ਹਜ਼ੂਰ ਅਨਵਰ ਨੇ ਫ਼ਰਮਾਇਆ : ਜਿਵੇਂ ਕਿ ਮੈਂ ਬੀਤੇ ਖ਼ੁਤਬੇ ਵਿੱਚ ਵੀ ਕਿਹਾ ਸੀ ਕਿ 'ਕਸ਼ਤੀਏ ਨੂਹ' ਵਿੱਚੋਂ 'ਸਾਡੀ ਸਿੱਖਿਆ' ਦਾ ਜੋ ਭਾਗ ਹੈ ਉਹ ਹਰ ਅਹਮਦੀ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ ਸਗੋਂ ਪੂਰੀ ਕਿਤਾਬ 'ਕਸ਼ਤੀਏ ਨੂਹ' ਪੜ੍ਹਨੀ ਚਾਹੀਦੀ ਹੈ । ਚੰਗੇ ਕਰਮਾ ਵੱਲ ਧਿਆਨ ਦੁਆਉਂਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਚੇਤੇ ਰੱਖੋ ਕਿ ਰੱਬ ਆਤਮਾ ਤੇ ਆਤਮਕਤਾ ਉਪੱਰ ਨਜ਼ਰ ਰਖੱਦਾ ਹੈ, ਉਹ ਦਿਖਾਵੇ ਦੇ ਕਰਮਾਂ ਉਪੱਰ ਨਜ਼ਰ ਨਹੀਂ ਰਖੱਦਾ, ਉਹ ਉਹਨਾਂ ਦੀ ਹਕੀਕਤ ਅਤੇ ਅੰਦਰੂਨੀ ਹਾਲਾਤਾਂ ਨੂੰ ਦੇਖਦਾ ਹੈ ਕਿ ਉਹਨਾਂ ਦੇ ਕਰਮਾਂ ਦੀ ਤਹਿ ਵਿੱਚ ਸੁਆਰਥ ਤੇ ਆਪਾ ਹੈ ਜਾਂ ਰੱਬ ਦੀ ਸੱਚੀ ਪੈਰ੍ਹਵੀ ਅਤੇ ਨੇਕੀ । ਪਰ ਰੱਬ ਨੂੰ ਤਾਂ ਸਿਕੱੜ ਪਸੰਦ ਨਹੀਂ ਹੈ, ਦਿਖਾਵੇ ਦੇ ਕਰਮ ਮਨੁੱਖ ਦੇ ਕੁਝ ਕੰਮ ਨਹੀਂ ਆ ਸਕਦੇ । ਅਜਿਹੇ ਕਰਮ ਜਿੰਨ੍ਹਾ ਵਿੱਚ ਹਰ ਸਮੇਂ ਰੱਬ ਦਾ ਖ਼ੌਫ਼ ਅਤੇ ਉਸ ਦੀ ਰਜ਼ਾ ਸੰਮੁਖ ਨ ਹੋਵੇ ਤਾਂ ਉਸ ਦਾ ਕੋਈ ਪੁੰਨ੍ਹ ਨਹੀਂ ਹੁੰਦਾ । ਇਸ ਪ੍ਰਕਾਰ ਰੱਬ ਵੱਲ ਬੁਲਾਉਂਣ ਦੇ ਸਿੱਟੇ ਵੀ ਆਸ਼ਾ ਅਨੁਸਾਰ ਨਹੀਂ ਹੁੰਦੇ । ਫਿਰ ਨੇਕ ਕਰਮ ਬਹੁਤ ਅਧਿਕ ਬਜਾ ਲਿਆਉਣ ਬਾਰੇ ਆਪ ਫ਼ਰਮਾਉਂਦੇ ਹਨ ਕਿ : ਜੋ ਵਿਕਤੀ ਇਮਾਨ ਨੂੰ ਕਾਇਮ ਰਖੱਣਾ ਚਾਹੁੰਦਾ ਹੈ ਉਹ ਨੇਕ ਕਰਮਾ ਵਿੱਚ ਤਰੱਕੀ ਕਰੇ । ਕਰਮਾ ਦਾ ਪ੍ਰਭਾਵ ਆਸਥਾ ਉਪੱਰ ਪੈਂਦਾ ਹੈ । ਹਦੀਸ਼ ਸ਼ਰੀਫ਼ ਵਿੱਚ ਇਸੇ ਲਈ ਹੈ ਕਿ ਚੋਰ ਜੱਦ ਚੋਰੀ ਕਰਦਾ ਹੈ ਤਾਂ ਉਹ ਮੋਮਿਨ ਨਹੀ ਹੁੰਦਾ ਅਤੇ ਜ਼ਾਨੀ (ਵਿਭਚਾਰੀ) ਜੱਦ ਜ਼ਿਨਾ (ਵਿਭਚਾਰ) ਕਰਦਾ ਹੈ ਤਾਂ ਉਹ ਮੋਮਿਨ ਨਹੀਂ ਰਹਿੰਦਾ । ਇਸ ਦੇ ਇਹੋ ਅਰਥ ਹਨ ਕਿ ਉਸ ਦੇ ਬੁਰੇ ਕਰਮਾ ਨੇ ਉਸ ਦੀ ਸੱਚੀ ਤੇ ਸਹੀ ਆਸਥਾ ਉਪੱਰ ਪ੍ਰਭਾਵ ਪਾਕੇ ਉਸ ਨੂੰ ਨਸ਼ਟ ਕਰ ਦਿੱਤਾ ਹੈ । ਸਾਡੀ ਜਮਾਤ ਨੂੰ ਚਾਹੀਦਾ ਹੈ ਕਿ ਨੇਕ ਕਰਮ ਬਹੁਤ ਅਧਿਕ ਕਰੇ । ਰੱਬ ਉਸੇ ਸਮੇਂ ਰਿਆਇਤ ਕਰੇਗਾ ਜੱਦ ਸੰਜਮਤਾ, ਪਵਿੱਤਰਤਾ ਅਤੇ ਸੱਚੀ ਆਗਿਆਕਾਰੀ ਨਾਲ ਉਸ ਨੂੰ ਖ਼ੁਸ਼ ਕਰੋਗੇ । ਜੋ ਮੁਸੀਬਤ ਵਿੱਚ ਵਫ਼ਦਾਰੀ ਅਤੇ ਸਿਦਕ ਰੱਖੇਗਾ ਰੱਬ ਉਸੇ ਤੋਂ ਖ਼ੁਸ਼ ਹੋਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਨੇਕ ਕਰਮ ਉਸ ਸਮੇਂ ਨੇਕ ਕਰਮ ਹਨ ਜੱਦ ਕਾਮਲ ਆਗਿਆਕਾਰੀ ਨਾਲ ਬਜਾ ਲਿਆਏ ਜਾਣ । ਰੱਬ ਦੀ ਰਜ਼ਾ ਹਾਸਲ ਕਰਨ ਲਈ ਬਜਾ ਲਿਆਏ ਜਾਣ । ਜੱਦ ਆਪਣੀਆਂ ਇਛੱਵਾਂ ਦੀਆਂ ਕੰਧਾ ਨੂੰ ਪੂਰਨ ਰੂਪ ਵਿੱਚ ਢਾਹ ਦਿੱਤਾ ਜਾਵੇ ਅਤੇ ਕੇਵਲ ਤੇ ਕੇਵਲ ਇਕ ਹੀ ਉਦੇਸ਼ ਹੋਵੇ ਕਿ ਅਸੀਂ ਆਪਣੇ ਹਰ ਅਮਲ ਦੇ ਪਿੱਛੇ ਰੱਬ ਦੀ ਰਜ਼ਾ ਨੂੰ ਪਹਿਲ ਦੇਣੀ ਹੈ, ਰੱਬ ਦੇ ਆਦੇਸ਼ਾਂ ਅਨੁਸਾਰ ਅਮਲ ਕਰਨਾ ਹੈ ਅਤੇ ਸੱਚੀ ਆਗਿਆਕਾਰੀ ਇਹੋ ਹੈ । ਇਹ ਨਹੀਂ ਕਿ ਜਿੱਥੇ ਲਾਭ ਹਾਸਲ ਹੋ ਜਾਏ ਓਥੇ ਆਗਿਆਕਾਰੀ ਤੇ ਤਾਬਿਆਦਾਰੀ ਦੀ ਘੋਸ਼ਣਾ ਕਰ ਦਿੱਤੀ । ਜਿੱਥੇ ਮਰਜ਼ੀ ਅਨੁਸਾਰ ਕੰਮ ਨ ਹੋਵੇ, ਉੱਥੇ ਸ਼ਿਕਵੇ ਸ਼ਿਕਾਇਤਾਂ ਸ਼ੁਰੂ ਹੋ ਗਈਆਂ । ਹਮੇਸ਼ਾ ਚੇਤੇ ਰੱਖੋ ਕਿ ਮਨੁੱਖ ਨੂੰ ਨਿਜ਼ਾਮ (ਵਿਵਸਥਾ) ਬਾਰੇ ਗ਼ੈਰ ਜ਼ਰੂਰੀ ਸ਼ਿਕਵੇ ਸ਼ਿਕਾਇਤਾਂ ਨਿਜ਼ਾਮ ਤੋਂ ਦੂਰ ਹਟਾਉਂਦੇ ਹਨ ਫਿਰ ਧਰਮ ਤੋਂ ਵੀ ਹਟਾਉਂਦੇ ਹਨ, ਫਿਰ ਖ਼ਿਲਾਫ਼ਤ ਤੋਂ ਵੀ ਦੂਰ ਕਰਦੇ

ਹਨ ਫਿਰ ਰੱਬ ਤੋਂ ਵੀ ਦੂਰੀ ਪੈਦਾ ਹੋ ਜਾਂਦੀ ਹੈ । ਇਹੋ ਕਈ ਲੋਕਾਂ ਦੇ ਅੰਜਾਮ ਅਸੀਂ ਦੇਖੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਸਾਡੇ ਗ਼ਾਲਬ ਆਉਣ ਦੇ ਹੱਥਿਆਰ, ਇਸਤਗ਼ਫ਼ਾਰ, ਤੌਬਾ ਤੇ ਧਾਰਮਕ ਗਿਆਨ ਦੀ ਜਾਣਕਾਰੀ ਅਤੇ ਰੱਬ ਦੀ ਅਜ਼ਮਤ ਨੂੰ ਸੰਮੁੱਖ ਰਖੱਣਾ ਹੈ ਅਤੇ ਪੰਜੇ ਵੇਲੇ ਨਮਾਜ਼ਾਂ ਨੂੰ ਅਦਾ ਕਰਨਾ ਹੈ । ਨਮਾਜ਼ ਦੁਆਵਾਂ ਦੀ ਪਰਵਾਨਗੀ ਦੀ ਕੁੰਜੀ ਹੈ । ਨਮਾਜ਼ ਪੜ੍ਹੋ ਤਾਂ ਉਸ ਵਿੱਚ ਦੁਆਵਾਂ ਕਰੋ ਅਤੇ ਗ਼ਫ਼ਲਤ ਨ ਕਰੋ ਅਤੇ ਹਰ ਇਕ ਬਦੀ ਤੋਂ ਭਾਵੇਂ ਉਹ ਇਲਾਹੀ ਅਧਿਕਾਰ ਦੇ ਵਿਰੁਧ ਹੋਵੇ ਜਾਂ ਮਨੁੱਖਤਾ ਦੇ ਵਿਰੁਧ ਹੋਵੇ, ਬਚੋ । ਅਲੱਾਹ ਤਆਲਾ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸੰਦੇਸ਼ ਦੇ ਪ੍ਰਕਾਸ਼ਨ ਤੇ ਗ਼ਲਬੇ ਦਾ ਹਿਸੱਾ ਵੀ ਬਣਾਏ । ਤੌਬਾ ਤੇ ਇਸਤਗ਼ਫ਼ਾਰ ਕਰਦਿਆਂ ਹੋਇਆਂ ਦੁਆਵਾਂ ਕਰਦਿਆਂ ਹੋਇਆਂ ਅਸੀਂ ਪ੍ਰਚਾਰ ਦੇ ਕੰਮ ਨੇਪਰੇ ਚਾੜ੍ਹਨ ਵਾਲੇ ਹੋਈਏ । ਹਕੂਕੁਲੱਾਹ (ਰੱਬ ਦੇ ਅਧਿਕਾਰ) ਅਤੇ ਹਕੂਕੁਲ ਇਬਾਦ (ਰੱਬ ਦੀ ਮਖ਼ਲੂਕ ਦੇ ਅਧਿਕਾਰ) ਦੇ ਹੱਕ ਬਜਾ ਲਿਆਉਣ ਵਾਲੇ ਹੋਈਏ । ਇਹੋ ਹੱਕ ਹਨ ਜੋ ਨੇਕ ਕਰਮ ਬਜਾ ਲਿਆਉਣ ਵੱਲ ਖਿਚੱਦੇ ਹਨ । ਸਾਡੇ ਹਰ ਕੰਮ ਵਿੱਚ ਰੱਬ ਦੀ ਰਜ਼ਾ ਸਾਡੇ ਸਾਹਮਣੇ ਹੋਵੇ । ਰੱਬ ਦੇ ਕਾਮਲ ਆਗਿਅਕਾਰਾਂ ਵਿੱਚ ਸ਼ਾਮਲ ਹੋਈਏ ਅਤੇ ਜੱਦ ਇਹਨਾਂ ਗੱਲਾਂ ਵੱਲ ਧਿਆਨ ਰਖੱਣਗੇ ਤਾਂ ਇੰਸ਼ਾਅਲੱਾਹ ਤਆਲਾ ਵਚਨਾ ਅਨੁਸਾਰ ਇਸਲਾਮ ਦੇ ਗ਼ਲਬੇ ਦੇ ਦਿਨ ਵੀ ਦੇਖਣ ਵਾਲੇ ਹੋਵਾਂਗੇ । ਰੱਬ ਸਾਨੂੰ ਇਸ ਦਾ ਸੰਜੋਗ ਪ੍ਰਦਾਨ ਕਰੇ । ਆਮੀਨ

**Khulasa Khutba Jumma 20.04.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131